RESEARCHER

INTERNATIONAL JOURNAL OF
ADVANCED INNOVATION AND RESEARCH
journal homepage: www.ijair.in

# ਬਲਦੇਵ ਸਿੰਘ ਦੇ ਨਾਵਲ: ਲਾਲ ਬੱਤੀ ਦਾ ਵਸਤੂਗਤ ਅਧਿਐਨ

**ਅਰਚਨਾ ਰਾਣੀ**
ਰੀਸਰਚ ਸਕਾਲਰ, ਕੁਰਸ਼ੇਤਰ ਯੂਨੀਵਰਸਿਟੀ ਕੁਰੂਸ਼ੇਤਰ

**Keywords**

ਸ਼ੋਸ਼ਣ, ਵੇਸ਼ਵਾ, ਭੱਦਰ ਸਮਾਜ, ਪੀੜਾ ਅਤੇ ਵੇਸ਼ਵਾਚਾਰੀ

**Abstract**

ਬਲਦੇਵ ਸਿੰਘ ਦਾ ਨਾਵਲ ਲਾਲ ਬੱਤੀ ਸਮਾਜ ਦੇ ਹਨੇਰੇ ਪੱਖਾਂ ਨੂੰ ਉਜਾਗਰ ਕਰਦਾ ਹੈ, ਜਿਸ ਵਿੱਚ ਵੇਸ਼ਵਾਚਾਰੀ ਇਕ ਕੇਂਦਰੀ ਥੀਮ ਵਜੋਂ ਉਭਰਦੀ ਹੈ।

ਲਾਲ ਬੱਤੀ ਨਾਵਲ ਵੇਸ਼ਵਾਚਾਰੀ ਨੂੰ ਸਿਰਫ ਅਨੈਤਿਕਤਾ ਜਾਂ ਪਾਪ ਦੇ ਰੂਪ ਵਿੱਚ ਨਹੀਂ, ਸਗੋਂ ਸਮਾਜਿਕ ,ਆਰਥਿਕ ਅਤੇ ਮਨੋਵਿਗਿਆਨਿਕ ਮਜਬੂਰੀਆਂ ਦੇ ਨਤੀਜੇ ਵਜੋਂ ਪੇਸ਼ ਕਰਦਾ ਹੈ। ਨਾਵਲਕਾਰ ਇਹ ਸਮਝਾਉਣਾ ਚਾਹੁੰਦਾ ਹੈ ਕਿ ਕਿਵੇਂ ਗਰੀਬੀ, ਅਨਪੜ੍ਹਤਾ ਅਤੇ ਸਮਾਜਿਕ ਅਨਿਆਏ ਔਰਤਾਂ ਨੂੰ ਕਿਵੇਂ ਇਸ ਧੰਦੇ ਵੱਲ ਧੱਕਦੇ ਹਨ। ਨਾਵਲ ਵਿੱਚ ਵੇਸਵਾ ਬਣੀ ਪਾਤਰਾਂ ਦੀ ਜ਼ਿੰਦਗੀ ਰਾਹੀਂ ਵੇਸ਼ਵਾਚਾਰੀ ਦੀ ਕੋੜੀ ਸੱਚਾਈ ਸਾਹਮਣੇ ਆਉਂਦੀ ਹੈ, ਜਿੱਥੇ ਵੇਸਵਾ ਔਰਤ ਦਾ ਸਰੀਰ ਵਪਾਰ ਦੀ ਵਸਤੂ ਬਣ ਜਾਂਦਾ ਹੈ ਅਤੇ ਆਤਮ ਤੜਫਦੀ ਰਹਿੰਦੀ ਹੈ। ਲਾਲ ਬੱਤੀ ਨਾਵਲ ਭੱਦਰ ਸਮਾਜ ਦੇ ਦੋਹਿਰੇ ਮਿਆਰਾਂ ਨੂੰ ਵੀ ਬੇਨਕਾਬ ਕਰਦਾ ਹੈ, ਜਿੱਥੇ ਇੱਕ ਪਾਸੇ ਵੇਸ਼ਵਾਚਾਰੀ ਦੀ ਨਿੰਦਾ ਕੀਤੀ ਜਾਂਦੀ ਹੈ ਅਤੇ ਦੂਜੇ ਪਾਸੇ ਆਪ ਹੀ ਉਹ ਇਸ ਧੰਦੇ ਨੂੰ ਹੱਲਾਸ਼ੇਰੀ ਦਿੰਦੇ ਹਨ। ਇਸ ਤਰ੍ਹਾਂ ਇਹ ਨਾਵਲ ਵੇਸ਼ਵਾਚਾਰੀ ਨੂੰ ਸਮਾਜਿਕ ਬੁਰਾਈ ਹੀ ਨਹੀਂ ਸਗੋਂ ਸਮਾਜ ਦੀ ਬਣਤਰ ਵਿੱਚ ਮੌਜੂਦ ਗੰਭੀਰ ਖਾਮੀਆਂ ਦਾ ਪ੍ਰਤਿਬਿੰਬ ਬਣਾ ਕੇ ਪੇਸ਼ ਕਰਦਾ ਹੈ।

**Article History**
**Received Date:** 10 October 2025; **Revised:** 17 October 2025; **Acceptance Date:** 21 October 2025
**Publishing Date:** 24 October 2025

ਬਲਦੇਵ ਸਿੰਘ ਦੇ ਨਾਵਲ ਲਾਲ ਬੱਤੀ:

ਵਸਤੂਗਤ ਅਧਿਅਨ

ਸਮੇਂ ਦੇ ਬਦਲਣ ਨਾਲ ਪੰਜਾਬੀ ਨਾਵਲ ਦਾ ਮੁਹੰਦਰਾ ਵੀ ਬਦਲਿਆ ਹੈ, ਅਤੇ ਪੰਜਾਬੀ ਨਾਵਲ ਅਧਿਅਨ ਦੇ ਸਰੋਕਾਰ ਵੀ ਬਦਲੇ ਹਨ. ਵੀਹਵੀਂ ਸਦੀ ਦੇ ਅੰਤਲੇ ਦਾਹਕੇ ਵਿੱਚ ਅਤੇ 21ਵੀਂ ਸਦੀ ਦੇ ਆਰੰਭ ਵਿੱਚ ਪੰਜਾਬੀ ਸਾਹਿਤ ਵਿੱਚ ਕੁਝ ਅਜਿਹੇ ਨਾਵਲ ਲਿਖੇ ਜਾ ਰਹੇ ਹਨ, ਜਿਹੜੇ ਵਿਸ਼ਵੀਕਰਨ ਦੇ ਕਠੋਰ ਯਥਾਰਥ ਨੂੰ ਵਿਅੰਗ ਅਤੇ ਵਿਡੰਬਣਾ ਦੀ ਦ੍ਰਿਸ਼ਟੀ ਤੋਂ ਪੇਸ਼ ਕਰਦੇ ਹਨ।

ਸਮਕਾਲੀ ਪੰਜਾਬੀ ਨਾਵਲ ਵੱਖ ਵੱਖ ਸਮੱਸਿਆਵਾਂ ਦੀ ਪੇਸ਼ਕਾਰੀ ਕਰਦਾ ਹੈ। ਇਹ ਨਾਵਲ ਸਮਾਜਿਕ ਪ੍ਰਬੰਧ ਵਿੱਚ ਤਿੜਕ ਦੇ ਰਿਸ਼ਤਿਆਂ, ਨਾਰੀਵਾਦੀ ਚੇਤਨਾ,ਆਂਚਲਿਕ ਸਰੋਕਾਰ, ਦਲਿਤ ਦ੍ਰਿਸ਼ਟੀ, ਵੇਸ਼ਵਾਚਾਰੀ ਅਤੇ ਮਹਾਨਗਰੀ ਜੀਵਨ ਦੇ ਮਸਲਿਆਂ ਨਾਲ ਰੂਬਰੂ ਹੋ ਰਿਹਾ ਹੈ।

ਬਲਦੇਵ ਸਿੰਘ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿੱਚ ਡਰਾਈਵਰਾ ਦੀ ਜਿੰਦਗੀ ਨਾਲ ਸੰਬੰਧਿਤ ਸਿਰਮੌਰ ਰਚਨਾ ਸੜਕਨਾਮਾ ਲਿਖਣ ਕਾਰਨ

ਚਰਚਾ ਵਿੱਚ ਆਇਆ। ਬਲਦੇਵ ਸਿੰਘ ਦੁਆਰਾ ਰਚਿਤ ਨਾਵਲ ਉਸ ਦੇ ਅਨੁਭਵ ਦਾ ਹੀ ਸਿੱਟਾ ਹਨ, ਕਿਉਂਕਿ ਕੋਈ ਵੀ ਨਾਵਲ ਸਿਰਜਣਾ ਸਮੇਂ ਉਹ ਕੋਈ ਕਾਹਲ ਨਹੀਂ ਕਰਦਾ ਸਗੋਂ ਨਾਵਲ ਦੀ ਵਸਤੂ ਸਬੰਧੀ ਡੂੰਘੀ ਖੋਜ ਕਰਦਾ ਹੈ। ਲਾਲ ਬੱਤੀ ਨਾਵਲ ਲਿਖਣ ਤੋਂ ਪਹਿਲਾਂ ਵੀ ਉਸਨੇ ਪੂਰੇ 15 ਸਾਲ ਇਸ ਖੇਤਰ ਦੀਆਂ ਸਰਗਰਮੀਆਂ ਅਤੇ ਉੱਥੇ ਦੇ ਜੀਵਨ ਬਾਰੇ ਸਮਗਰੀ ਇਕੱਠੀ ਕੀਤੀ। ਉਸ ਤੋਂ ਬਾਅਦ ਹੀ ਲਾਲ ਬੱਤੀ ਨਾਵਲ ਸਿਰਜਿਆ। ਮੇਰੇ ਖੋਜ ਪੱਤਰ ਦਾ ਵਿਸ਼ਾ ਬਲਦੇਵ ਸਿੰਘ ਦੇ ਨਾਵਲ ਲਾਲ ਬੱਤੀ ਦਾ ਵਿਸ਼ਾਗਤ ਅਧਿਐਨ ਹੈ।

ਆਪਣੇ ਅਨੋਖੇ ਵਿਸ਼ੇ ਵਸਤੂ ਕਾਰਨ ਹੀ ਇਹ ਨਾਵਲ ਇਸਦਾ ਹੱਕ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲ ਹੈ। ਜਿਵੇਂ ਕਿ ਇਸ ਨਾਵਲ ਦੇ ਨਾਮਕਰਨ ਤੋਂ ਹੀ ਸਪਸ਼ਟ ਹੈ। ਬਲਦੇਵ ਸਿੰਘ ਨੇ ਭਾਰਤ ਦੇ ਮਹਾਨਗਰਾਂ 'ਚ ਚਲਦੇ ਦੇ ਵਪਾਰ ਦੇ ਅੱਡਿਆਂ ਅੰਦਰਲੇ ਜੀਵਨ ਨੂੰ ਨਾਵਲ ਦਾ ਰਚਨਾ ਵਸਤੂ ਬਣਾਇਆ ਹੈ। ਇਸ ਤਰਾਂ ਲਾਲ ਬੱਤੀ ਵੇਸ਼ਵਾਚਾਰੀ ਦੇ ਵਿਵਸਥਿਤ ਅਤੇ ਸੰਸਥਾਈ ਰੂਪ ਦੇ ਵਿਭਿੰਨ ਪਹਿਲੂਆਂ ਨੂੰ ਪ੍ਰਕਾਸ਼ਿਤ ਕਰਨ ਵਾਲੀ ਨਾਵਲੀ ਰਚਨਾ ਹੈ। ਭਾਰਤ ਦੇ ਪ੍ਰਮੁੱਖ ਮਹਾਨਗਰਾਂ ਵਿਚਲੀ ਵਿਵਸਥਿਤ ਤੇ ਸੰਸਥਾ◌ਾਈ ਵੇਸ਼ਵਾਚਾਰੀ ਪੰਜਾਬ ਵਿੱਚ ਹੁਣ ਨਿਰਸੰਦੇਹ ਮੌਜੂਦ ਨਹੀਂ ਰਹੀ। ਆਮ ਅਨੁਭਵ ਤੋਂ ਬਾਹਰ ਦੀ ਕਿਸੇ ਜੀਵਨ ਸਥਿਤੀ ਦਾ ਵਿਰਤਾਂਤ ਸੁਭਾਵਿਕ ਹੀ ਰੋਚਿਕਤਾ ਜਗਾਉਣ ਵਾਲਾ ਹੁੰਦਾ ਹੈ। ਇਸ ਨਾਵਲ ਦੀ ਰਚਨਾ ਦਾ ਵਿਸ਼ਾ ਵਸਤੂ ਦੇ ਵਪਾਰ ਅੱਡਿਆਂ ਦੇ ਤਲਿਸਮੀ ਰਹਸ ਭਰਪੂਰ ਤੇ ਬਚਿੱਤਰ ਜਾਪਦੇ ਜੀਵਨ ਅਨੁਭਵ ਦੀ ਪੇਸ਼ਕਾਰੀ ਨੂੰ ਆਪਣੀ ਰਚਨਾ ਦਾ ਕੇਂਦਰ ਬਣਾਉਂਦਾ ਹੈ। ਇਸ ਲਈ ਪੰਜਾਬੀ ਪਾਠਕ ਵਰਗ ਦਾ ਇਸ ਨਾਵਲ ਪ੍ਰਤੀ ਆਕਰਸ਼ਿਤ ਹੋਣਾ ਸੁਭਾਵਿਕ

ਨਾਵਲਕਾਰ ਨੇ ਵੇਸ਼ਵਾਚਾਰੀ ਨੂੰ ਸਮੱਸਿਆਤਮਕ ਵੰਗਾਰ ਦੇ ਤੌਰ ਤੇ ਸਵੀਕਾਰ ਕੀਤਾ ਹੈ।

ਸੁਰਜੀਤ ਸਿੰਘ ਅਨੁਸਾਰ:

"ਬਲਦੇਵ ਸਿੰਘ ਨੇ ਪੰਜਾਬੀ ਨਾਵਲ ਦੇ ਥੀਮਕ ਜਗਤ ਵਿੱਚ ਵਿਸਥਾਰ ਕਰਨ ਵਾਲੀ ਕ੍ਰਿਤੀ 'ਲਾਲ ਬੱਤੀ'ਦੀ ਰਚਨਾ ਨਾਲ ਨਵੀਆਂ ਲੀਹਾਂ ਪਾਈਆਂ ਹਨ"।[1]

ਲਾਲ ਬੱਤੀ ਵਿੱਚ ਬਲਦੇਵ ਸਿੰਘ ਨੇ ਮੁੱਖ ਤੌਰ ਤੇ ਵੇਸ਼ਵਾਚਾਰੀ ਵਿੱਚ ਔਰਤਾਂ ਦੇ ਦਾਖਲ ਹੋਣ ਦੀਆਂ ਸਮਾਜਿਕ-ਆਰਥਿਕ ਪਰਿਸਥਿਤੀਆਂ, ਧੰਦਾ ਕਰਦੀਆਂ ਵਿਸ਼ਵਾਵਾਂ ਦੀ ਮਨੋ ਸਥਿਤੀ, ਧੰਦੇ ਦੇ ਅੰਤਰੀ ਵੀ ਅਸੂਲਾਂ, ਟਕਰਾਵਾਂ, ਸਾਂਝਾ ਵੇਸ਼ਵਾਵਾਂ ਦੀਆਂ ਸਮੱਸਿਆਵਾਂ, ਮਜਬੂਰੀਆਂ ਉਹਨਾਂ ਦੇ ਸੁਪਨਿਆਂ, ਅਣਚਾਹੀ ਔਲਾਦ ਦੇ ਦੁਖਾਂਤ, ਬੱਧਰ ਕੌਮ ਦੇ ਸਮਾਜ ਦਾ ਵਿਸ਼ਾਵਾਂ ਪ੍ਰਤੀ ਉਨਾਂ ਦੀ ਔਲਾਦ ਪ੍ਰਤੀ ਅਮਾਨਵੀ ਵਿਵਹਾਰ ਆਦਿ ਵੱਲ ਸੰਕੇਤ ਕਰਦੀ ਆਂ ਗਲਪੀ ਸਥਿਤੀਆਂ ਸਿਰਜੀਆਂ ਹਨ ਗਲਪੀ ਸਥਿਤੀਆਂ ਸਿਰਜੀਆਂ ਹਨ। ਉਸਨੇ ਸਭਿਅਕ ਸਮਾਜ ਦੇ ਦੋਗਲੇ ਚਰਿਤਰ ਉੱਤੇ ਵਿਅੰਗ ਕਰਦੀਆਂ ਵੇਸ਼ਵਾਚਾਰੀ ਵਿੱਚ ਅਣਚਾਹੀ ਹੋਣੀ ਭੁਗਤ ਦੀਆਂ ਔਰਤਾਂ ਦੇ ਦੁੱਖ ਦਰਦ ਦੀ ਕਰੁਣਾ ਭਰਪੂਰ ਪੇਸ਼ਕਾਰੀ ਕਰਨ ਵਾਲਾ ਗਲਤ ਜਗਤ ਸਿਰਜਿਆ ਹੈ।

ਸੰਸਥਾਈ ਵੇਸ਼ਵਾਚਾਰੀ ਦੀ ਮਹਾਂਨਗਰੀ ਵਿਚ ਭੋਲੀ ਭਾਲੀਆਂ ਨਾਜ਼ੁਕ ਕੁੜੀਆਂ ਨੂੰ ਵੱਡੇ ਵੱਡੇ ਲਾਲਚ ਦੇ ਕੇ ਉਹਨਾਂ ਨੂੰ ਸੁਨਿਹਰੀ ਸੁਪਨੇ ਦਿਖਾ ਕੇ ਉਹਨਾਂ ਕੋਲੋਂ ਕੋਠਿਆਂ ਤੇ ਵੇਸ਼ਵਾਗਿਰੀ ਦਾ ਧੰਦਾ ਕਰਵਾਇਆ ਜਾਂਦਾ ਹੈ

ਡਾਕਟਰ ਟੀ.ਆਰ ਵਿਨੋਦ ਅਨੁਸਾਰ," ਵੇਸ਼ਵਾਚਾਰੀ ਦੇ ਧੰਦੇ ਦਾ ਆਧਾਰ ਨਿਰ ਵਿਵਾਦ ਰੂਪ ਵਿੱਚ ਸ੍ਰੇਣੀ ਸਮਾਜ ਹੈ"।[2]

ਵੇਸ਼ਵਾ ਜਾਰੀ ਦੇ ਧੰਦੇ ਵਿੱਚ ਆਉਣ ਵਾਲੀਆਂ ਕੁੜੀਆਂ ਜਿਆਦਾਤਰ ਆਰਥਿਕ ਪੱਖੋਂ ਮਜਬੂਰ ਹੁੰਦੀਆਂ ਹਨ ਉਹਨਾਂ ਦੀ ਮਜਬੂਰੀ ਦਾ ਫਾਇਦਾ ਚੁੱਕ ਕੇ ਉਹਨਾਂ ਤੋਂ ਸ੍ਰੇਣੀ ਸਮਾਜ ਦੁਆਰਾ ਵੇਸਵਾ ਵੱਲ ਧੰਦਾ ਕਰਵਾਇਆ ਜਾਂਦਾ ਹੈ ।

ਡਾਕਟਰ ਟੀ.ਆਰ ਵਿਨੋਦ ਵੇਸ਼ਵਾਵਾਂ ਦੇ ਕਰੁਣਾਮਈ ਜੀਵਨ ਬਾਰੇ ਲਿਖਦੇ ਹਨ ਕਿ:-"ਵੇਸ਼ਵਾਵਾਂ ਦਾ ਭੂਤ ਕਾਲ ਭੁੱਖ ਦਾ ਮਾਰਿਆ ਹੋਇਆ ਹੈ, ਵਰਤਮਾਨ ਘਿਣਾਉਣਾ ਹੈ ਵਰਤਮਾਨ ਘਿਨੋਣਾ ਹੈ, ਭਵਿੱਖ ਭਿਆਨਕ ਹੈ"।[3]

ਵੇਸ਼ਵਾਵਾਂ ਦਾ ਸਮੁੱਚਾ ਜੀਵਨ ਅਤੀ ਦਾ ਨਰਕ ਹੁੰਦਾ ਹੈ। ਉਹਨਾਂ ਨੂੰ ਆਪਣੀ ਮਰਜ਼ੀ ਤੋਂ ਬਗੈਰ ਗਾਹਕਾਂ ਨੂੰ ਖੁਸ਼ ਕਰਨ ਲਈ ਆਪਣਾ ਜਮੀਰ ਵੇਚਣਾ ਪੈਂਦਾ ਹੈ। ਵੇਸਵਾ ਬਣੀ ਕੁੜੀਆਂ ਨੂੰ ਖੋਰੇ ਕਿੰਨੇ ਕੁ ਉਮਰ ਦਾ ਥੱਲੇ ਸੋਣਾ ਪੈਂਦਾ ਹੈ, ਜਿਸ ਕਾਰਨ ਥੋੜੇ ਹੀ ਸਾਲਾਂ ਵਿੱਚ ਇਹ ਕੁੜੀਆਂ ਔਰਤਾਂ ਬਣ ਜਾਂਦੀਆਂ ਹਨ। ਟੀ. ਆਰ ਵਿਨੋਦ ਦੇਵਕੀ ਮੋਸੀ ਦੀ ਚਤੁਰਾਈ ਤੇ ਲਿਖਦੇ ਹਨ ਕਿ," ਦੇਵਕੀ ਪਿੰਡ ਦੀ ਮਾਸੂਮੀਅਤ ਤੇ ਮਜਬੂਰੀ ਨੂੰ ਵਰਗਲਾ ਕੇ ਜਵਾਨ ਜਿਸਮ ਲੈ ਆਉਂਦੀ ਹੈ ਅਤੇ ਇਹ ਜਵਾਨ ਜਿਸਮ ਦੋ ਕੁ ਸਾਲਾਂ ਵਿੱਚ ਹੀ ਇੰਨੇ ਹੰਡ ਜਾਂਦੇ ਹਨ, ਜਿਨਾਂ ਬੀਬੀਆਂ 20 ਸਾਲਾਂ ਵਿੱਚ ਹੰਡਾਉਂਦੀਆਂ ਹਨ"।[4]

ਨਾਵਲ ਦੀ ਸ਼ੁਰੂਆਤ ਦੇਵਕੀ ਮੋਸੀ ਦੇ ਪਿੰਡ ਆਉਣ ਨਾਲ ਹੁੰਦੀ ਹੈ ਦੇਵਕੀ ਮੋਸੀ ਤੇ ਚੜੇ ਸ਼ਹਿਰੀ ਰੰਗ ਤੋਂ ਪਿੰਡ ਦੀਆਂ ਔਰਤਾਂ ਬਹੁਤ ਪ੍ਰਭਾਵਿਤ ਹੁੰਦੀਆਂ ਹਨ, ਉਹ ਸੋਚਦੀਆਂ ਹਨ ਕਿ ਜੇਕਰ ਦੇਵਕੀ ਮੋਸੀ ਉਹਨਾਂ ਦੀਆਂ ਧੀਆਂ ਨੂੰ ਵੀ ਸ਼ਹਿਰ ਲਿਜਾ ਕੇ ਨੌਕਰੀ ਦੁਆ ਦਵੇ ਤਾਂ ਉਹਨਾਂ ਦੀ ਜ਼ਿੰਦਗੀ ਵਿੱਚ ਵੀ ਰੰਗੀਨੀਆਂ ਆ ਸਕਦੀ ਹੈ। ਪਰ ਉਹਨਾਂ ਗਰੀਬ ਮਾਵਾਂ ਨੂੰ ਇਹ ਨਹੀਂ ਪਤਾ ਹੁੰਦਾ ਕੀ ਉੱਥੇ ਜਾ ਕੇ ਉਹਨਾਂ ਦੀਆਂ ਧੀਆਂ ਨਾਲ ਅੱਧੀ ਦੀ ਬਦਸਲੂਕੀ ਹੁੰਦੀ ਹੈ, ਧੀਆਂ ਨੂੰ ਉੱਥੇ ਆਪਣੀ ਮਰਜ਼ੀ ਤੋਂ ਬਗੈਰ ਉਹ ਸਭ ਕੁਝ ਕਰਨਾ ਪੈਂਦਾ ਹੈ, ਜਿਸ ਦੀ ਕਲਪਨਾ ਉਹਨਾਂ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਕੀਤੀ। ਤੰਗ ਗਲੀਆਂ, ਬੋ ਮਾਰਦੇ ਕਮਰਿਆਂ ਵਿੱਚ ਰਹਿ ਕੇ ਇਹ ਕੁੜੀਆਂ, ਮਜਬੂਰੀ ਅਤੇ ਲਾਚਾਰੀ ਭਰੇ ਹਾਲਾਤਾਂ ਕਾਰਨ ਮਨਚਲੀਆਂ ਬਣ ਜਾਂਦੀਆਂ ਹਨ। ਦੇਸ਼ਵਾਵਾਂ ਬਣੀ ਕੁੜੀਆਂ ਆਪਣੇ ਸੰਵੇਦਨਾਵਾਂ ਭਾਵਨਾਵਾਂ ਦਾ ਗੱਲ ਘੁੱਟ ਕੇ ਰਾਤ ਸਮੇਂ ਗਾਹਕਾਂ ਨੂੰ ਖੁਸ਼ ਕਰਨ ਅਤੇ ਪੈਸੇ ਕਮਾਉਣ ਦੀ ਭਾਲ ਵਿੱਚ ਰਹਿੰਦੀਆਂ ਹਨ ਜਿਵੇਂ:- ਜਦੋਂ ਕੰਚਨਾ ਵੇਸ਼ਵਾ ਕੋਲ ਇੱਕ ਸ਼ਰਾਬ ਵੀ ਡਰਾਈਵਰ ਆਪਣੀ ਹਵਸ ਦੀ ਅੱਗ ਨੂੰ ਸ਼ਾਂਤ ਕਰਨ ਲਈ ਆਉਂਦਾ ਹੈ ਤਾਂ ਕੰਚਨਾ ਨੂੰ ਵੇਖਦੇ ਸਾਰ ਹੀ ਹਵਸੀ ਹੋ ਜਾਂਦਾ ਹੈ ਉਹ ਕੰਚਨਾ ਨੂੰ ਜੱਫਾ ਪਾਉਂਦਾ ਹੈ ਤੇ ਪਲੰਗ ਤੇ ਲੈ ਜਾਂਦਾ ਹੈ। ਉਸ ਸਮੇਂ ਕੰਚਨਾ ਨੂੰ ਉਸ ਨਾਲ ਕੋਈ ਪਿਆਰ ਹਮਦਰਦੀ ਨਹੀਂ ਹੁੰਦੀ, ਜਿਵੇਂ:-ਸ਼ਰਾਬੀ ਡਰਾਈਵਰ ਉਸਨੂੰ ਕਹਿੰਦਾ ਹੈ,

"ਬਲਾਊਜ਼ ਉਤਾਰ। ਨਹੀਂ ਬਲਾਊਜ਼ ਨਹੀਂ ਉਤਾਰਨਾ ਹੈ? ਬੀਜ ਰੁਪਆ ਦੇ ਫਿਰ ਉਤਾਰੂਗੀ। ਪੈਸੇ ਤਾਂ ਦਿੱਤੇ, ਮੈਨੂੰ ਕੀ ਦਿੱਤੇ? ਪੈਸੇ ਮਿਲਣ ਤੋਂ ਬਾਅਦ ਉਹ ਪਲੰਗ ਤੇ ਲਾਸ਼ ਵਾਂਗ ਲੇਟ ਗਈ…….. ਆ ਜਲਦੀ ਕਰ………"[5]

ਉਹ ਇਸਕਰੀਆ ਨੂੰ ਇੱਕ ਕੰਮ ਸਮਝਦੀ ਹੈ, ਜਿਸ ਵਿੱਚ ਵੇਸ਼ਵਾ ਦੀ ਕੋਈ ਦਿਲਚਸਪੀ ਨਹੀਂ ਹੁੰਦੀ। ਵੇਸ਼ਵਾ ਇਹ ਕੰਮ ਆਪਣੀ ਆਰਥਿਕ ਸਥਿਤੀ ਨੂੰ ਠੀਕ ਕਰਨ ਲਈ ਹੀ ਕਰਦੀ ਹੈ, ਅਤੇ ਭਵਿੱਖ ਬਿਨਾ ਮੋਸੀ ਵਾਂਗ ਖਤਰਨਾਕ ਨਾ ਇਲਾਜ ਬਿਮਾਰੀ ਕਾਰਨ ਬੁਢਾਪਾ ਫੁੱਟਪਾਥ ਤੇ ਠੋਕਰਾਂ ਖਾਂਦਾ ਲੰਘਦਾ ਹੈ। ਬਿਰਤਾਂਤਕਾਰ ਔਰਤਾਂ ਦੇ ਵੇਸ਼ਵਾ ਪੌਣੇ ਦਾ ਘਿਨਾਉਣਾ ਪੱਖ ਔਰਤਾਂ ਦੇ ਤਰਾਸਤਿਕ ਦੌਦਰਾਂ ਹੀ ਪੇਸ਼ ਕਰਦਾ ਹੈ। ਦੇਵਕੀ ਮੋਸੀ ਦੀ ਸੋਨਾ ਗਾਚੀ ਦੀ ਸਭ ਤੋਂ ਵੱਡੀ ਤਰਾ ਸਧੀਸਬਾੜੀ ਵਿੱਚ,

"ਕਮਰੇ ਬਹੁਤ ਛੋਟੇ ਛੋਟੇ ਅਤੇ ਘੱਟ ਹਵਾਦਾਰ ਹਨ। ਬਹਰੋਣ ਦੀ ਰੋਸ਼ਨੀ ਮੋਟੇ ਥਿੰਦੇ ਤੇ ਮੈਲੇ ਪਰਦਿਆਂ ਨਾਲ ਰੋ ਕੇ ਰੱਖੀ ਜਾਂਦੀ ਹੈ। ਸਲੇਟੀ ਹਨੇਰਾ ਹੀ ਇੱਥੇ ਰਾਸ ਆਉਂਦਾ ਹੈ।ਇਸ ਹਨੇਰੇ ਵਿੱਚ ਬਹੁਤ ਕੁਝ ਲੁਕ ਜਾਂਦਾ ਹੈ। ਇਹਨਾਂ ਲੜਕੀਆਂ ਦੇ ਚਿਹਰਿਆਂ ਦੀ ਅੰਦਰਲੀ ਪਰਤ ਉੱਪਰ ਜੰਮੀ ਸਦੀਵੀ ਕਰੁਣਾ ਹਿਰਦਿਆਂ ਦੀ ਤੈ ਹੇਠਲੀ ਕੋਮਲਤਾ ਆਪਣੇ ਹਰਾਮੀ ਕਹਾਉਂਦੇ ਬੱਚਿਆਂ ਪ੍ਰਤੀ ਮਮਤਾ ਤੇ ਗੁਪਤ ਰੋਗ ਦੀਆਂ ਬਿਮਾਰੀਆਂ ਤੋਂ ਪੈਦਾ ਹੋ ਰਹੇ ਅਤੇ ਰੋਜ਼ ਵੱਧ ਰਹੇ ਲੱਛਣ, ਬਸ ਇਸ ਰਹੱਸਮਈ ਹਨੇਰੇ ਵਿੱਚ ਜਗਦੀ ਮੱਧਮ ਲਾਲ ਬੱਤੀ ਦੇ ਕਾਮ ਉਕਸਾਊ ਚਾਨਣ ਵਿੱਚ ਇਹਨਾਂ ਲੜਕੀਆਂ ਦੇ ਮੁਸਕਰਾਉਂਦੇ ਬੁੱਲਾਂ ਦੀ ਸੁਰਖੀ ਹੋਰ ਗੂੜੀ ਅਤੇ ਕਾਤਲ ਦਿਸਦੀ ਹੈ। ਨਗਨ ਜਿਸਮ ਲਾਲ ਸੰਗ ਮਰਮਰ ਵਿੱਚ ਤਰਾਸ਼ਿਆ ਜਾਪਦਾ । ਗਾਹਕ ਇਸ ਤਿਲਸਮੀ ਰੋਸ਼ਨੀ ਵਿੱਚ ਸ਼ਰਾਬੀ ਹੋਇਆ ਸਿਰਫ ਲਿੰਗ ਤੋਂ ਲਿੰਗ ਦਾ ਸਫਰ ਕਰਦਾ ਹੈ"।[6]

ਵੇਸਵਾ ਬਣੀ ਇਹਨਾਂ ਔਰਤਾਂ ਅੰਦਰ ਵੀ ਇੱਕ ਸਾਫ ਦਿਲ ਪਵਿੱਤਰ ਔਰਤ ਛੁਪੀ ਹੁੰਦੀ ਹੈ। ਪਰ ਆਪਣੀ ਮਜਬੂਰੀ ਅੱਗੇ ਗੋਡੇ ਟੇਕ ਕੇ ਉਹ ਇਹ ਧੰਦਾ ਮਜਬੂਰੀ ਵਸ਼ ਹੀ ਕਰਦੀ ਹੈ। ਵੇਸ਼ਵਾਵਾਂ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਉਹਨਾਂ ਦਾ ਅੰਤ ਕਿੰਨਾ ਭਿਆਨਕ ਹੁੰਦਾ ਹੈ ਉਹਨਾਂ ਨੂੰ ਸਰੀਰਕ ਰੋਗ ਦੇ ਨਾਲ ਨਾਲ ਮਾਨਸਿਕ ਆਤਮਾਵਾਂ ਵੀ ਸਹਿਣ ਕਰਨੀਆਂ ਪੈਂਦੀਆਂ ਹਨ। ਵੇਸ਼ਵਾਵਾਂ ਦੇ ਬੱਚਿਆਂ ਨੂੰ ਵੀ ਸਮਾਜ ਵਿੱਚ ਕੋਈ ਚੰਗੀ ਦ੍ਰਿਸ਼ਟੀ ਨਾਲ ਨਹੀਂ ਦੇਖਦਾ। ਸਕੂਲ ਵਿੱਚ ਉਹਨਾਂ ਨੂੰ ਹਰਾਮੀ ਕਿਹਾ ਜਾਂਦਾ ਹੈ, ਜਿਸ ਕਾਰਨ ਭਾਵਨਾ ਦਾ ਸ਼ਿਕਾਰ ਹੋਏ ਆਪਣੇ ਆਪ ਨੂੰ ਦੂਜੇ ਬੱਚਿਆਂ ਤੋਂ ਅੱਡ ਮਹਿਸੂਸ ਕਰਦੇ ਹਨ ਅਤੇ ਜਿਆਦਾ ਪੜਦੇ ਲਿਖਦੇ ਵੀ ਨਹੀਂ। ਇਹਨਾਂ ਦੇ ਬੱਚਿਆਂ ਵਿੱਚ ਕੁੜੀਆਂ ਮੁੜ ਇਸ ਦਲਦਲ ਦਾ ਹੀ ਹਿੱਸਾ ਬਣ ਵੇਸ਼ਵਾਚਾਰੀ ਦਾ ਕੰਮ ਕਰਦੀਆਂ ਹਨ। ਦੂਜੇ ਪਾਸੇ ਮੁੰਡੇ ਦਲਾਲ ਬਣ ਕੇ ਆਪਣੀ ਹੀ ਮਾਵਾਂ ਅਤੇ ਭੈਣਾਂ ਲਈ ਗਾਹਕ ਲੱਭਣ ਦਾ ਕੰਮ ਕਰਦੇ ਹਨ।

ਉਨਾਂ ਬੱਚਿਆਂ ਵਿਚਲੇ ਸੰਵੇਦ ਇਹ ਸਾਰਾ ਕੁਝ ਸਹਿਣ ਕਰਨ ਕਾਰਨ ਖਤਮ ਹੋ ਜਾਂਦੇ ਹਨ। ਉਹਨਾਂ ਨੂੰ ਸਾਫ ਤੌਰ ਤੇ ਪਤਾ ਹੁੰਦਾ ਹੈ ਕਿ ਇਸ ਸਮਾਜ ਵਿੱਚ ਰਹਿੰਦੇ ਹੋਏ ਉਹਨਾਂ ਦਾ ਭਵਿੱਖ ਇਸੇ ਕੰਮ ਵਿੱਚ ਹੀ ਹੈ। ਟੈਲੈਂਟ ਦੀ ਕਾਟ ਨਾ ਹੁੰਦੇ ਹੋਏ ਵੀ ਇਹ ਬੱਚੇ ਆਪਣਾ ਟੈਲੈਂਟ ਆਪਣੇ ਅੰਦਰ ਹੀ ਘੁੱਟ ਲੈਂਦੇ ਹਨ। ਦਿਖਾਵੇ ਲਈ ਤਾਂ ਸਮਾਂ ਸੁਧਾਰਕ ਵੀ ਦਿਨੇ ਭਾਸ਼ਾ ਦੇਣ ਸਮੇਂ ਵੇਸ਼ਵਾਵਾਂ ਦੇ ਕਸ਼ਟਮਈ ਜੀਵਨ ਦੀਆਂ ਗੱਲਾਂ ਕਰਦੇ ਹਨ। ਪਰ ਰਾਤ ਪੈਣ ਤੇ ਹੀ ਇਹ ਸਾਰੇ ਆਪ ਵੀ ਰੰਡੀਬਾਜ ਬਣ ਜਾਂਦੇ ਹਨ।। ਇਹਨਾਂ ਦੇ ਕੱਪੜੇ ਕੋਠੀਆਂ ਦੇ ਕਮਰਿਆਂ ਦੀ ਕਿੱਲੀ ਤੇ ਟੰਗੇ ਮਿਲਦੇ ਹਨ।

"ਇਨਾ ਸਮਾਂ ਸੁਧਾਰਕਾਂ ਦੀ ਮਿਹਰਬਾਨੀ ਨਾਲ ਨਾਜਾਇਜ਼ ਬੱਚੇ ਜੰਮਦੇ ਰਹਿਣਗੇ, ਇਨਾ ਹੀ ਸੜਕਾਂ, ਗਲੀਆਂ, ਪਾਰਕਾਂ ਵਿੱਚ ਕੀੜੀਆਂ ਵਾਂਗ ਪਲਦੇ ਵੱਡੇ ਹੁੰਦੇ ਇਸ ਦੇਸ਼ ਦੇ ਸ਼ਹਿਰੀ ਬਣਦੇ ਰਹਿਣਗੇ ਤੇ ਵੋਟਰਾਂ ਦੀ ਲਿਸਟ ਵਿੱਚ ਵਾਧਾ ਹੁੰਦਾ ਰਹੇਗਾ"[7]

ਵੇਸ਼ਵਾਚਾਰੀ ਦੇ ਵਿਸ਼ੇ ਨੂੰ ਲੈ ਕੇ ਲਿਖੇ ਗਏ ਇਸ ਨਾਵਲ ਦੇ ਸੁਰ ਕਰੁਣਾਮਈ ਹੈ। ਨਾਵਲਕਾਰ ਨੇ ਇਸ ਨਾਵਲ ਵਿੱਚ ਪਾਠਕ ਨੂੰ ਸੰਤੁਸ਼ਟ ਕਰਨ ਲਈ ਨਿਮਨ ਪੱਧਰ ਤੇ ਇੰਦਰਾਵੀ ਸੰਵਾਦ ਲਈ ਅਭੱਦਰ ਭਾਸ਼ਾ ਅਤੇ ਅਭੱਦਰ ਸ਼ਬਦ ਚੋਣ ਨਹੀਂ ਕੀਤੀ ਹੈ। ਇਹ ਨਾਵਲ ਕਾਮੁਕ ਸਵਾਦ ਨਹੀਂ ਦਿੰਦਾ ਸਗੋਂ ਗਿਲਾਨੀ ਦਾ ਭਾਵ ਪੈਦਾ ਕਰਦਾ ਹੈ।

ਮੋਟੇ ਤੌਰ ਤੇ ਦੇਖਿਆ ਜਾਵੇ ਤਾਂ ਵੇਸ਼ਵਾਚਾਰੀ ਦੇ ਪੇਸ਼ੇ ਵਿੱਚ ਫਸੀ ਔਰਤ ਨੂੰ ਦੇਹ ਵਪਾਰ ਦੀ ਮੰਡੀ ਵਿੱਚ ਸਸਤੇ ਮਹਿੰਗੇ ਦਾਮਾਂ ਵਿੱਚ ਵਿਕਣਾ ਪੈਂਦਾ ਹੈ। ਬੇਰੋਜ਼ਗਾਰੀ ਅਤੇ ਗਰੀਬੀ ਹੰਡਾਉਂਦਾ ਇਹ ਸਮਾਜ ਵੇਸ਼ਵਾਚਾਰੀ ਜਾਂ ਦੇ ਵਪਾਰ ਵਰਗੇ ਕੰਮ ਕਰਕੇ ਹੀ ਢਿੱਡ ਦੀ ਭੁੱਖ ਸ਼ਾਂਤ ਕਰੇਗਾ। ਨਾਵਲਕਾਰ ਨਾਵਲ ਦੇ ਜਰੀਏ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਵਿਸ਼ਵਾਚਾਰੀ ਅਤੇ ਬਲਾਤਕਾਰ ਪੁਰਾਤਨ ਕਾਲ ਤੋਂ ਹੀ ਚੱਲਦਾ ਆ ਰਿਹਾ ਹੈ। ਜਦੋਂ ਤੱਕ ਇਸ ਦੇਸ਼ ਵਿੱਚ ਸਮਾਜਿਕ ਢਾਂਚਾ ਨਹੀਂ ਬਦਲੇਗਾ, ਉਨਾਂ ਚਿਰ ਵੇਸ਼ਵਾਵਾਂ ਇਸ ਤਰਾਸਦੀ ਤੋਂ ਮੁਕਤ ਨਹੀਂ ਹੋ ਸਕਦੀਆਂ।

**ਹਵਾਲੇ ਅਤੇ ਟਿੱਪਣੀਆਂ**


1 ਡਾਕਟਰ ਸੁਰਜੀਤ ਸਿੰਘ, ਪੰਜਾਬੀ ਨਾਵਲ: ਦ੍ਰਿਸ਼ ਅਤੇ ਦ੍ਰਿਸ਼ਟੀਕੋਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ,2012 ਪੰਨਾ ਨੰਬਰ 169.

2 ਡਾਕਟਰ ਟੀ ਆਰ ਵਿਨੋਦ, ਆਓ ਨਾਵਲ ਪੜ੍ਹੀਏ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2006 ਪੰਨਾ ਨੰਬਰ 119.

3 ਡਾਕਟਰ ਟੀਆਰ ਵਿਨੋਦ, ਆਓ ਨਾਵਲ ਪੜ੍ਹੀਏ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2006 ਪੰਨਾ ਨੰਬਰ 117.

4 ਡਾਕਟਰ ਟੀ ਆਰ ਵਿਨੋਦ, ਪੰਜਾਬੀ ਨਾਵਲ: ਬਿਹਾਰਕ ਪਰਿਪੇਖ, ਰੱਬੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 2010 ਪੰਨਾ ਨੰਬਰ 199.

5 ਬਲਦੇਵ ਸਿੰਘ ਸੜਕਨਾਮਾ, ਲਾਲ ਬੱਤੀ, ਚੇਤਨਾ ਪ੍ਰਕਾਸ਼ਨ ਲੁਧਿਆਣਾ 1998, ਪੰਨਾ ਨੰਬਰ 26.

6 ਬਲਦੇਵ ਸਿੰਘ ਸੜਕਨਾਮਾ, ਲਾਲ ਬੱਤੀ, ਚੇਤਨਾ ਪ੍ਰਕਾਸ਼ਨ ਲੁਧਿਆਣਾ 1998 ਪੰਨਾ ਨੰਬਰ 22.

7 ਉਹੀ, ਪੰਨਾ ਨੰਬਰ 150.